BRAMPTON Service and Information Update

9 ਜੂਨ, 2023

# ਸਿਟੀ ਆਫ ਬ੍ਰੈਂਪਟਨ, ਪੈਟਿਓ ਬ੍ਰੈਂਪਟਨ ਪ੍ਰੋਗਰਾਮ ਲਈ ਰੈਸਟੋਰੈਂਟਾਂ, ਬਾਰਸ ਅਤੇ ਕੈਫੇਜ ਤੋਂ ਅਰਜ਼ੀਆਂ ਸਵੀਕਾਰ ਕਰ ਰਹੀ ਹੈ

*ਇਸ ਗਰਮੀ ਵਿੱਚ ਵਸਨੀਕਾਂ ਵਾਸਤੇ ਖਾਣ-ਪੀਣ ਅਤੇ ਲੋਕਲ ਦੀ ਹਿਮਾਇਤ ਕਰਨ ਲਈ ਵੱਧ ਬਾਹਰਲੀਆਂ ਥਾਵਾਂ ਤਿਆਰ ਕੀਤੀਆਂ ਜਾ ਰਹੀਆਂ ਹਨ*

ਬ੍ਰੈਂਪਟਨ, ਓਨਟੈਰੀਓ – ਗਰਮੀ ਦੇ ਸੀਜਨ ਤੋਂ ਪਹਿਲਾਂ ਹੀ, ਸਿਟੀ ਆਫ ਬ੍ਰੈਂਪਟਨ ਰੈਸਟੋਰੈਂਟਾਂ, ਬਾਰਸ ਅਤੇ ਕੈਫੇਜ ਨੂੰ ਯਾਦ ਕਰਾ ਰਹੀ ਹੈ ਕਿ ਉਹ 31 ਅਕਤੂਬਰ, 2023 ਤੱਕ ਮਿਊਨਿਸਿਪਲ ਜਾਂ ਨਿੱਜੀ ਪ੍ਰਾਪਰਟੀ ਤੇ, ਅਸਥਾਈ ਸੀਜਨਲ ਪੈਟਿਓਜ ਅਤੇ ਬੈਠਣ ਵਾਲੇ ਖੇਤਰ ਲੈਣ ਵਾਸਤੇ ਅਪਲਾਈ ਕਰ ਸਕਦੇ ਹਨ। ਬਿਨੈਕਾਰ ਦੀ ਜ਼ਿੰਮੇਵਾਰੀ ਹੋਵੇਗੀ ਕਿ ਉਹ 7 ਨਵੰਬਰ ਨੂੰ ਸਵੇਰੇ 7 ਵਜੇ ਤੱਕ, ਪੈਟਿਓ ਨੂੰ ਹਟਾ ਲਵੇ ਅਤੇ ਉਸ ਥਾਂ ਨੂੰ ਉਸਦੇ ਅਸਲੀ ਰੂਪ ਵਿੱਚ ਵਾਪਸ ਕਰ ਦੇਵੇ।

ਅਸਥਾਈ ਪੈਟਿਓ ਵਿਸਤਾਰ (Temporary Patio Expansion) ਲਈ ਅਰਜ਼ੀ, ਸਿਟੀ ਦੀ ਵੈਬਸਾਈਟ (City's website) ਤੇ ਉਪਲਬਧ ਹੈ ਅਤੇ ਸਿਟੀ ਕਲਰਕ ਦੇ ਦਫਤਰ ਨੂੰ ਔਨਲਾਈਨ ਜਮ੍ਹਾਂ ਕੀਤੀ ਜਾ ਸਕਦੀ ਹੈ।

ਪੈਟਿਓ ਬ੍ਰੈਂਪਟਨ (Patio Brampton) ਪ੍ਰੋਗਰਾਮ ਦੇ ਦੁਆਰਾ, ਵੱਧ ਵਸਨੀਕ, ਗਰਮੀ ਦੇ ਮੌਸਮ ਦਾ ਅਨੰਦ ਮਾਣਨ ਲਈ ਬਾਹਰ ਜਾ ਸਕਣਗੇ ਅਤੇ ਲੋਕਲ ਕਾਰੋਬਾਰਾਂ ਦੀ ਹਿਮਾਇਤ ਕਰ ਸਕਣਗੇ।

**2023 ਵਿੱਚ ਨਵਾਂ**

1 ਜਨਵਰੀ, 2023 ਤੋਂ, ਓਨਟੈਰੀਓ ਸਰਕਾਰ ਨੇ *ਲਿਕਰ ਲਾਇਸੈਂਸ ਐਂਡ ਕੰਟ੍ਰੋਲ ਐਕਟ, 2019* (*Liquor Licence and Control Act, 2019*) ਹੇਠ, *ਓਨਟੈਰੀਓ ਰੈਗੂਲੇਸ਼ਨ 746/21 (Ontario Regulation 746/21) ਦੇ ਸੈਕਸ਼ਨ* 153.1 ਦੇ ਮੁਤਾਬਕ, ਮਿਊਨਿਸਿਪਲਟੀਜ ਨੂੰ ਸ਼ਰਾਬ ਸਬੰਧੀ ਲਾਇਸੈਂਸਸ਼ੁਦਾ ਥਾਵਾਂ ਦੇ ਅਸਥਾਈ ਆਊਟਡੋਰ ਵਿਸਤਾਰ ਨੂੰ ਪ੍ਰਵਾਨਗੀ ਦੇਣ ਦੀ ਯੋਗਤਾ ਪ੍ਰਦਾਨ ਕੀਤੀ ਹੈ। ਪਹਿਲਾਂ, ਸ਼ਰਾਬ ਸਬੰਧੀ ਲਾਇਸੈਂਸਾਂ ਦੇ ਸਾਰੇ ਅਸਥਾਈ ਆਊਟਡੋਰ ਵਿਸਤਾਰਾਂ ਦੀ ਪ੍ਰਵਾਨਗੀ, ਏ.ਜੀ.ਸੀ.ਓ. (AGCO) ਦੀ ਅਥਾੱਰਿਟੀ ਦੇ ਅਧੀਨ ਸੀ ਅਤੇ ਬਿਨੈਕਾਰ ਨੂੰ ਮਿਊਨਿਸਿਪਲਟੀ ਤੋਂ ਗੈਰ-ਇਤਰਾਜ਼ ਦੀ ਚਿੱਠੀ ਦੇਣੀ ਪੈਂਦੀ ਸੀ। ਇਹ ਸਿਰਫ ਸ਼ਰਾਬ ਸਬੰਧੀ ਵੈਧ ਲਾਇਸੈਂਸ ਵਾਲੇ ਸੰਸਥਾਨਾਂ ਲਈ ਲਾਇਸੈਂਸਸ਼ੁਦਾ ਖੇਤਰਾਂ ਦੇ ਆਊਟਡੋਰ ਵਿਸਤਾਰਾਂ ਤੇ ਲਾਗੂ ਹੁੰਦਾ ਹੈ। ਪਹਿਲਾਂ ਤੋਂ ਲਾਇਸੈਂਸਸ਼ੁਦਾ ਸੰਸਥਾਨ ਲਈ ਅਲਕੋਹਲ ਪੇਸ਼ ਕਰਨ ਅਤੇ ਇਸਦਾ ਸੇਵਨ ਕਰਨ ਲਈ, ਸਮੇਂ ਦੇ ਵਿਸਤਾਰ ਲਈ ਏ.ਜੀ.ਸੀ.ਓ. ਦੀ ਪ੍ਰਵਾਨਗੀ ਹੀ ਲੈਣੀ ਪਵੇਗੀ।

1 ਜਨਵਰੀ, 2023 ਤੋਂ, ਵਿਸ਼ੇਸ਼ ਮਿਊਨਿਸਿਪਲਟੀਜ ਨੂੰ ਹੁਣ:

- ਕੈਲੰਡਰ ਸਾਲ ਵਿੱਚ ਅੱਠ ਮਹੀਨਿਆਂ ਤੱਕ ਲਾਇਸੈਂਸਸ਼ੁਦਾ ਥਾਵਾਂ ਦੇ ਅਸਥਾਈ ਆਊਟਡੋਰ ਵਿਸਤਾਰਾਂ ਦੀ ਪ੍ਰਵਾਨਗੀ ਦੇਣ ਦਾ ਅਧਿਕਾਰ ਹੈ
- ਮਿਊਨਿਸਿਪਲ ਪ੍ਰਵਾਨਗੀ ਬਾਰੇ ਆਪਣੀਆਂ ਖੁਦ ਦੀਆਂ ਸ਼ਰਤਾਂ ਬਣਾਉਣ ਦੀ ਇਜਾਜ਼ਤ ਹੈ
- ਮਿਊਨਿਸਿਪਲਟੀ ਵੱਲੋਂ ਪ੍ਰਵਾਨ ਕੀਤੇ ਆਊਟਡੋਰ ਵਿਸਤਾਰ ਤੇ ਲਗਾਈਆਂ ਕਿਸੇ ਵੀ ਸ਼ਰਤਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਜ਼ਿੰਮੇਵਾਰ ਹਨ

**ਪਿਛੋਕੜ**

ਜੂਨ 2020 ਵਿੱਚ, ਸਿਟੀ ਕਾਉਂਸਿਲ (City Council) ਨੇ, ਅਸਥਾਈ ਪੈਟਿਓ ਵਿਸਤਾਰ ਪ੍ਰੋਗਰਾਮ ਵਜੋਂ ਪੈਟਿਓ ਬ੍ਰੈਂਪਟਨ ਪ੍ਰੋਗਰਾਮ ਤਿਆਰ ਕੀਤਾ ਸੀ, ਤਾਂ ਜੋ ਬ੍ਰੈਂਪਟਨ ਦੇ ਬਾਰਸ ਅਤੇ ਰੈਸਟੋਰੈਂਟਾਂ ਲਈ ਉਹਨਾਂ ਦੇ ਪੈਟਿਓਜ ਦਾ ਵਿਸਤਾਰ ਕਰਨਾ ਵੱਧ ਅਸਾਨ ਹੋ ਸਕੇ ਅਤੇ ਕੋਵਿਡ-19 (COVID-19) ਨੂੰ ਫੈਲਣ ਤੋਂ ਰੋਕਣ ਵਾਸਤੇ ਸਰੀਰਕ ਦੂਰੀ ਰੱਖੀ ਜਾ ਸਕੇ। ਇਹ ਪ੍ਰੋਗਰਾਮ, 1 ਜਨਵਰੀ, 2023 ਨੂੰ ਖਤਮ ਹੋ ਗਿਆ ਸੀ।

ਪੈਟਿਓ ਵਿਸਤਾਰਾਂ ਜਾਂ ਅਰਜ਼ੀ ਪ੍ਰਕਿਰਿਆ ਬਾਰੇ ਸਵਾਲਾਂ ਲਈ, ਕਿਰਪਾ ਕਰਕੇ cityclerksoffice@brampton.ca ਤੇ ਈਮੇਲ ਕਰੋ ਜਾਂ 905.874.2113 ਤੇ ਫੋਨ ਕਰੋ।

**ਲਿੰਕ:**

- ਪੈਟਿਓ ਬ੍ਰੈਂਪਟਨ ਪ੍ਰੋਗਰਾਮ (Patio Brampton Program)
- ਅਸਥਾਈ ਪੈਟਿਓ ਵਿਸਤਾਰ ਔਨਲਾਈਨ ਅਰਜ਼ੀ ਫਾਰਮ (Temporary Patio Extension Online Application Form)

-30-

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca